3-Jan-Loc-BTD.qxd 1/4/2022 1:46 AM Page 1


Canada
ਕੀ ਤੁਸੀਂ ਖੇਤੀਬਾੜੀ ਨਾਲ ਸੰਬੰਧਿਤ ਹੋ?
No Old Funds
ਅੱਜ ਹੀ ਸੰਪਰਕ ਕਰੋ:-
No IELTS
ਕੈਨੇਡਾ PR ਲਈ ਪਰਿਵਾਰ ਸਮੇਤ
ਤੁਹਾਡੇ ਪੈਸੇ ਦਾ ਕੋਈ ਰਿਸਕ ਨਹੀਂ
GLOBALLY GROWIDE
SCO 501, Sector 70, Mohali Lic No. 146/MC-2
95019-55501



ਪੰਜਾਬ ਦੀ ਆਵਾਜ਼

# ਅਜੀਤ ®©

ਬਠਿੰਡਾ

ਬਾਨੀ ਸੰਪਾਦਕ (ਸਵ:) ਡਾ. ਸਾਧੂ ਸਿੰਘ ਹਮਦਰਦ Ajit, Bathinda ਮੰਗਲਵਾਰ, 4 ਜਨਵਰੀ, 2022 21 ਪੋਹ ਨਾਨਕਸ਼ਾਹੀ ਸੰਮਤ 553 ਮੁੱਲ : 5.00 ਰੁਪਏ


TRADEMARK AND COPYRIGHT SADHU SINGH HAMDARD TRUST, 2022. ALL RIGHTS RESERVED.


ਜਲੰਧਰ, ਚੰਡੀਗੜ੍ਹ ਅਤੇ ਬਠਿੰਡਾ ਤੋਂ ਪ੍ਰਕਾਸ਼ਿਤ

ਰਜਿ: ਨੰ: PB/JL-138/2021-23 ਜਿਲਦ 6, ਅੰਕ 04 | www.ajitjalandhar.com | www.ajittv.com | Facebook.com/dailyajit | Twitter.com/dailyajitnews | news@ajitpublications.com | ਫ਼ੋਨ : 0181-2455961-62-63, 5032400, ਫੈਕਸ : 2455960



STUDY IN Canada
Application Days
7th & 8th January
BARNALA | KHANNA | MOGA
Apply to UG/ PG Diplomas, Bachelor's, Master's & MBA degrees
No Service Charges* Application Fee Waivers*
*T&C apply
CANAM®
Punjab Govt. License No. MA-1(4) 06/ 14-12-2020
For Appointment Call 1800 137 8055
Submit enquiry www.canamgroup.com
37, Distt. Shopping Complex, B-Block, Ranjit Ave, Amritsar






ਨਕਲਚੀਆਂ ਤੋਂ ਸਾਵਧਾਨ

ਗਾਹਕ ਕ੍ਰਿਪਾ ਕਰਕੇ ਧਿਆਨ ਦੇਣ, ਸਾਡੀ ਜਾਣਕਾਰੀ ਵਿਚ ਆਇਆ ਹੈ ਕਿ ਕੁਝ ਦੁਕਾਨਦਾਰ ਭਰਾ ਆਪਣੀ ਕਮਿਸ਼ਨ ਦੇ ਲਾਲਚ ਵਿਚ 'ਡਾ. ਆਰਥੋ' ਤੇਲ ਮੰਗਣ 'ਤੇ ਉਸ ਦੀ ਥਾਂ 'ਤੇ ਮਿਲਦੇ-ਜੁਲਦੇ ਨਾਂਅ, ਇਸ਼ਤਿਹਾਰਾਂ ਵਾਲੇ ਪ੍ਰੋਡਕਟ ਗਾਹਕਾਂ ਨੂੰ ਦੇ ਰਹੇ ਹਨ। ਕ੍ਰਿਪਾ ਕਰਕੇ ਜਾਗਰੂਕ ਰਹੋ, ਅਜਿਹੀਆਂ ਨਕਲੀ ਦਵਾਈਆਂ ਸਿਹਤ ਨੂੰ ਖ਼ਰਾਬ ਕਰ ਸਕਦੀਆਂ ਹਨ। ਇਸ ਲਈ ਪੂਰਾ ਨਾਂਅ 'ਡਾ. ਆਰਥੋ' ਪੜ੍ਹ ਕੇ ਅਤੇ ਦਿਖਾਈ ਗਈ ਪੈਕਿੰਗ ਨਾਲ ਮਿਲਾ ਕੇ ਹੀ ਲਓ। ਡਾ. ਆਰਥੋ ਆਯੁਰਵੈਦਿਕ ਤੇਲ ਦਾ ਹੋਰ ਕਿਸੇ ਪ੍ਰੋਡਕਟ ਅਤੇ ਇਸ਼ਤਿਹਾਰ ਨਾਲ ਕੋਈ ਸੰਬੰਧ ਨਹੀਂ ਹੈ।

ਸੰਪਰਕ ਕਰੋ 7876977777

Dr. Juneja's ਡਾ. ਆਰਥੋ® ਤੇਲ

ਜੋੜਾਂ ਦੇ ਦਰਦ ਦੀ ਬੇਜੋੜ ਦਵਾਈ




ਅੰਮ੍ਰਿਤਸਰ ਦੇ ਸਿਵਲ ਹਸਪਤਾਲ ਵਿਖੇ ਕੋਰੋਨਾ ਰੋਕੂ ਟੀਕਾ ਲਗਵਾਉਣ ਲਈ ਕਤਾਰ 'ਚ ਖੜ੍ਹੀਆਂ ਵਿਦਿਆਰਥਣਾਂ।

# ਦੇਸ਼ ਭਰ 'ਚ 15 ਤੋਂ 18 ਸਾਲ ਦੇ ਬੱਚਿਆਂ ਦਾ ਟੀਕਾਕਰਨ ਸ਼ੁਰੂ

## ਪਹਿਲੇ ਦਿਨ 41 ਲੱਖ ਤੋਂ ਵੱਧ ਬੱਚਿਆਂ ਦੇ ਲੱਗੀ ਵੈਕਸੀਨ

ਨਵੀਂ ਦਿੱਲੀ, 3 ਜਨਵਰੀ (ਏਜੰਸੀ)- ਦੇਸ਼ ਭਰ 'ਚ ਅੱਜ 15 ਤੋਂ 18 ਸਾਲ ਦੇ ਉਮਰ ਵਰਗ ਲਈ ਕੋਵਿਡ-19 ਖ਼ਿਲਾਫ਼ ਟੀਕਾਕਰਨ ਮੁਹਿੰਮ ਦੀ ਸ਼ੁਰੂਆਤ ਹੋ ਗਈ ਹੈ ਤੇ ਪਹਿਲੇ ਦਿਨ 41 ਲੱਖ ਤੋਂ ਵੱਧ ਬੱਚਿਆਂ ਨੂੰ ਕੋਰੋਨਾ ਵੈਕਸੀਨ ਦੀ ਪਹਿਲੀ ਖ਼ੁਰਾਕ ਲਗਾਈ ਗਈ। ਕੋਰੋਨਾ ਵੈਕਸੀਨੇਸ਼ਨ ਦੀ ਇਹ ਮੁਹਿੰਮ ਉਸ ਵੇਲੇ ਸ਼ੁਰੂ ਹੋਈ ਹੈ ਜਦੋਂ ਦੁਨੀਆ ਭਰ 'ਚ ਕੋਰੋਨਾ ਵਾਇਰਸ ਦਾ ਨਵਾਂ ਸਰੂਪ ਓਮੀਕਰੋਨ ਤੇਜ਼ੀ ਨਾਲ ਫੈਲ ਰਿਹਾ ਹੈ। ਦਿੱਲੀ, ਜਿਥੇ ਪਿਛਲੇ ਕੁਝ ਦਿਨਾਂ ਤੋਂ ਕੋਰੋਨਾ ਦੇ ਰੋਜ਼ਾਨਾ ਮਾਮਲਿਆਂ 'ਚ ਰਿਕਾਰਡ ਵਾਧਾ ਹੋਇਆ ਹੈ, ਦੇ ਫੋਰਟਿਸ ਹਸਪਤਾਲ, ਸਰ ਗੰਗਾ ਰਾਮ ਹਸਪਤਾਲ ਤੇ ਹੋਰ ਥਾਵਾਂ 'ਤੇ ਬਣੇ ਟੀਕਾਕਰਨ ਕੇਂਦਰਾਂ 'ਚ ਛੋਟੀ ਉਮਰ ਦੀ ਆਬਾਦੀ ਨੂੰ ਟੀਕੇ ਲੱਗਣੇ ਸ਼ੁਰੂ ਹੋ ਗਏ ਹਨ। 27 ਦਸੰਬਰ ਨੂੰ ਕੇਂਦਰੀ ਸਿਹਤ

(ਬਾਕੀ ਸਫ਼ਾ 2 ਕਾਲਮ 2)

## ਪੰਜਾਬ 'ਚ ਸੋਨੀ ਵਲੋਂ ਟੀਕਾਕਰਨ ਦੀ ਸ਼ੁਰੂਆਤ

ਅੰਮ੍ਰਿਤਸਰ, 3 ਜਨਵਰੀ (ਰੇਸ਼ਮ ਸਿੰਘ)-ਉਪ ਮੁੱਖ ਮੰਤਰੀ ਓ. ਪੀ. ਸੋਨੀ ਨੇ ਅੱਜ ਇਥੇ ਸੂਬੇ ਦੇ 15 ਤੋਂ 18 ਸਾਲ ਉਮਰ ਵਰਗ ਦੇ ਬੱਚਿਆਂ ਨੂੰ ਕੋਰੋਨਾ ਵਾਇਰਸ ਤੋਂ ਬਚਾਅ ਲਈ ਵੈਕਸੀਨ ਲਗਾਉਣ ਦੀ ਸ਼ੁਰੂਆਤ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਕੋਰੋਨਾ ਦੀ ਤੀਸਰੀ ਲਹਿਰ ਤੋਂ ਆਪਣੇ ਬੱਚਿਆਂ ਨੂੰ ਬਚਾਉਣ ਲਈ ਉਨ੍ਹਾਂ ਨੂੰ ਵੈਕਸੀਨ ਜ਼ਰੂਰ ਲਗਾਉਣ। ਅੱਜ ਇਥੇ ਸਿਵਲ ਹਸਪਤਾਲ ਵਿਖੇ ਟੀਕਾਕਰਨ ਮੁਹਿੰਮ ਸੰਬੰਧੀ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਸੋਨੀ ਨੇ ਕਿਹਾ ਕਿ ਪੰਜਾਬ 'ਚ 14 ਲੱਖ ਦੇ ਕਰੀਬ ਬੱਚੇ 15 ਤੋਂ 18 ਸਾਲ ਉਮਰ ਵਰਗ 'ਚ ਆਉਂਦੇ ਹਨ, ਜਿਨ੍ਹਾਂ ਨੂੰ

**14 ਲੱਖ ਬੱਚਿਆਂ ਨੂੰ ਲੱਗਣਗੇ ਕੋਰੋਨਾ ਰੋਕੂ ਟੀਕੇ- ਉਪ-ਮੁੱਖ ਮੰਤਰੀ**

(ਬਾਕੀ ਸਫ਼ਾ 2 ਕਾਲਮ 3)

# ਮੋਦੀ ਦਾ ਪੰਜਾਬ ਦੌਰਾ ਕੱਲ੍ਹ

## 42,750 ਕਰੋੜ ਦੇ ਵਿਕਾਸ ਪ੍ਰਾਜੈਕਟਾਂ ਦਾ ਰੱਖਣਗੇ ਨੀਂਹ ਪੱਥਰ

ਨਵੀਂ ਦਿੱਲੀ, 3 ਜਨਵਰੀ (ਪੀ.ਟੀ.ਆਈ.)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੁੱਧਵਾਰ ਨੂੰ ਪੰਜਾਬ ਦੇ ਫ਼ਿਰੋਜ਼ਪੁਰ ਦੌਰੇ 'ਤੇ ਆ ਰਹੇ ਹਨ ਅਤੇ ਇਸ ਦੌਰਾਨ ਉਹ ਸ਼ਹਿਰ 'ਚ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈੱਸਵੇਅ ਤੇ ਪੀ. ਜੀ. ਆਈ. ਸੈਟੇਲਾਈਟ ਸੈਂਟਰ ਸਮੇਤ 42,750 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖਣਗੇ। ਪ੍ਰਧਾਨ ਮੰਤਰੀ ਦਫ਼ਤਰ ਨੇ ਸੋਮਵਾਰ ਨੂੰ ਦੱਸਿਆ ਕਿ ਹੋਰਨਾਂ ਪ੍ਰਾਜੈਕਟਾਂ 'ਚ ਅੰਮ੍ਰਿਤਸਰ-ਊਨਾ ਸੈਕਸ਼ਨ ਨੂੰ ਚਾਰ ਮਾਰਗੀ ਕਰਨਾ, ਮੁਕੇਰੀਆਂ-ਤਲਵਾੜਾ ਬਰਾਡ ਗੇਜ ਰੇਲਵੇ ਲਾਈਨ ਤੇ ਕਪੂਰਥਲਾ ਤੇ ਹੁਸ਼ਿਆਰਪੁਰ 'ਚ ਦੋ ਨਵੇਂ ਮੈਡੀਕਲ ਕਾਲਜ ਸ਼ਾਮਿਲ ਹਨ। ਆਗਾਮੀ ਵਿਧਾਨ ਸਭਾ ਚੋਣਾਂ ਨੂੰ ਵੇਖਦਿਆਂ ਮੋਦੀ ਦੇ ਇਸ ਦੌਰੇ ਨੂੰ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ, ਕਿਉਂਕਿ ਭਾਜਪਾ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਅਕਾਲੀ ਦਲ ਸੰਯੁਕਤ ਦੇ ਆਗੂ ਸੁਖਦੇਵ ਸਿੰਘ ਢੀਂਡਸਾ ਨਾਲ ਮਿਲ ਕੇ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਹੈ। ਮੋਦੀ ਦੇ ਦੌਰੇ ਤੋਂ ਪਹਿਲਾਂ ਪ੍ਰਧਾਨ ਮੰਤਰੀ ਦਫ਼ਤਰ ਨੇ ਕਿਹਾ ਕਿ ਦੇਸ਼ ਭਰ 'ਚ ਸੰਪਰਕ ਨੂੰ ਬਿਹਤਰ ਬਣਾਉਣ ਲਈ ਉਨ੍ਹਾਂ ਦੇ



(ਬਾਕੀ ਸਫ਼ਾ 2 ਕਾਲਮ 3)

# ਲਖੀਮਪੁਰ ਖੀਰੀ ਮਾਮਲੇ 'ਚ ਐਸ.ਆਈ.ਟੀ. ਵਲੋਂ ਦੋਸ਼ ਪੱਤਰ ਦਾਇਰ

## ਕੇਂਦਰੀ ਮੰਤਰੀ ਦੇ ਬੇਟੇ ਅਸ਼ੀਸ਼ ਮਿਸ਼ਰਾ ਸਮੇਤ 14 ਨੂੰ ਬਣਾਇਆ ਮੁਲਜ਼ਮ

ਲਖੀਮਪੁਰ ਖੀਰੀ, 3 ਜਨਵਰੀ (ਪੀ.ਟੀ.ਆਈ.)-ਲਖੀਮਪੁਰ ਖੀਰੀ ਹਿੰਸਾ ਦੀ ਜਾਂਚ ਕਰਨ ਵਾਲੀ ਐਸ.ਆਈ.ਟੀ. ਨੇ ਕੇਂਦਰੀ ਮੰਤਰੀ ਅਜੇ ਮਿਸ਼ਰਾ ਦੇ ਬੇਟੇ ਅਸ਼ੀਸ਼ ਮਿਸ਼ਰਾ ਸਮੇਤ 14 ਮੁਲਜ਼ਮਾਂ ਖ਼ਿਲਾਫ਼ ਦੋਸ਼ ਪੱਤਰ ਦਾਇਰ ਕੀਤਾ ਹੈ। ਮੁੱਖ ਨਿਆਇਕ ਮੈਜਿਸਟ੍ਰੇਟ (ਸੀ.ਜੇ.ਐਮ.) ਚਿੰਤਾ ਰਾਮ ਦੀ ਅਦਾਲਤ 'ਚ ਸੋਮਵਾਰ ਨੂੰ ਇਹ ਦੋਸ਼ ਪੱਤਰ ਦਾਇਰ ਕੀਤਾ ਗਿਆ। ਦੱਸਣਯੋਗ ਹੈ ਕਿ ਐਸ.ਆਈ.ਟੀ. ਨੇ ਇਸ ਮਾਮਲੇ 'ਚ 13 ਮੁਲਜ਼ਮਾਂ, ਜਿਨ੍ਹਾਂ 'ਚ ਅਸ਼ੀਸ਼ ਮਿਸ਼ਰਾ ਉਰਫ ਮੋਨੂੰ, ਅੰਕਿਤ ਦਾਸ, ਨੰਦਨ ਸਿੰਘ ਬਿਸ਼ਟ, ਸਤਿਅਮ ਤ੍ਰਿਪਾਠੀ, ਲਤੀਫ਼ ਉਰਫ ਕਾਲੇ, ਸ਼ੇਖਰ ਭਾਰਤੀ, ਸੁਮਿਤ ਜੈਸਵਾਲ, ਅਸ਼ੀਸ਼ ਪਾਂਡੇ, ਲਵਕੁਸ਼ ਰਾਣਾ, ਸਿਸ਼ੂ ਪਾਲ, ਉਲਾਸ ਕੁਮਾਰ ਉਰਫ ਮੋਹਿਤ ਤ੍ਰਿਵੇਦੀ, ਰਿੰਕੂ ਰਾਣਾ ਅਤੇ ਧਰਮੇਂਦਰ ਬਨਜਾਰਾ ਸ਼ਾਮਿਲ ਹਨ, ਨੂੰ ਗ੍ਰਿਫ਼ਤਾਰ ਕੀਤਾ ਸੀ। ਐਸ.ਪੀ.ਓ. ਐਸ.ਪੀ. ਯਾਦਵ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੋਮਵਾਰ ਨੂੰ ਧਾਰਾ 201 (ਅਪਰਾਧ ਦੇ ਸਬੂਤ ਗਾਇਬ ਕਰਨ) ਤਹਿਤ ਵੀਰੇਂਦਰ ਸ਼ੁਕਲਾ ਦਾ ਨਾਂਅ ਵੀ ਦੋਸ਼ ਪੱਤਰ 'ਚ ਦਾਇਰ ਕੀਤਾ ਗਿਆ। ਹਾਲਾਂਕਿ ਸ਼ੁਕਲਾ ਦੀ ਅਜੇ ਤੱਕ ਗ੍ਰਿਫ਼ਤਾਰੀ ਨਹੀਂ ਹੋਈ ਹੈ। ਯਾਦਵ ਨੇ ਦੱਸਿਆ ਕਿ ਸਾਰੇ 14 ਮੁਲਜ਼ਮਾਂ ਖ਼ਿਲਾਫ਼ ਅਦਾਲਤ 'ਚ ਦੋਸ਼ ਪੱਤਰ ਦਾਇਰ ਕਰ ਦਿੱਤਾ ਗਿਆ ਹੈ ਅਤੇ ਕਾਰਵਾਈ ਜਾਰੀ ਹੈ। ਦੱਸਣਯੋਗ ਹੈ ਕਿ ਬੀਤੇ ਸਾਲ 3 ਅਕਤੂਬਰ ਨੂੰ ਲਖੀਮਪੁਰ ਖੀਰੀ 'ਚ ਵਾਪਰੀ ਹਿੰਸਾ ਦੌਰਾਨ 8 ਲੋਕਾਂ ਦੀ ਜਾਨ ਚਲੀ ਗਈ ਸੀ।



ਅਸ਼ੀਸ਼ ਮਿਸ਼ਰਾ

# ਨੌਸ਼ਹਿਰਾ ਪੰਨੂਆਂ ਨੇੜੇ ਸੜਕ ਹਾਦਸੇ 'ਚ ਨਵ-ਵਿਆਹੁਤਾ ਸਣੇ ਪਰਿਵਾਰ ਦੇ ਚਾਰ ਜੀਆਂ ਦੀ ਮੌਤ

## ਨਵੇਂ ਵਿਆਹੇ ਨੂੰਹ-ਪੁੱਤ ਨੂੰ ਗੁਰਦੁਆਰੇ ਮੱਥਾ ਟਿਕਾਉਣ ਜਾ ਰਿਹਾ ਸੀ ਪਰਿਵਾਰ

ਸਰਹਾਲੀ ਕਲਾਂ, 3 ਜਨਵਰੀ (ਅਜੈ ਸਿੰਘ ਹੁੰਦਲ)-ਪਿੰਡ ਨੌਸ਼ਹਿਰਾ ਪੰਨੂਆਂ ਨੇੜੇ ਅੱਜ ਸਵੇਰੇ ਵਾਪਰੇ ਸੜਕ ਹਾਦਸੇ 'ਚ ਨਵ-ਵਿਆਹੁਤਾ ਸਣੇ ਇਕੋ ਪਰਿਵਾਰ ਦੇ ਚਾਰ ਜੀਆਂ ਦੀ ਮੌਤ ਹੋ ਗਈ ਤੇ ਇਕ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ। ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਕਟੋਰੇਵਾਲਾ ਦਾ ਇਹ ਪਰਿਵਾਰ ਆਪਣੇ ਨਵੇਂ ਵਿਆਹੇ ਨੂੰਹ-ਪੁੱਤ ਨੂੰ ਮੱਥਾ ਟਿਕਾਉਣ ਲਈ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜਾ ਰਹੇ ਸਨ ਕਿ ਰਸਤੇ 'ਚ ਇਹ ਹਾਦਸਾ ਵਾਪਰ ਗਿਆ। ਗੁਰਦੁਆਰਾ ਸਾਹਿਬ ਨਤਮਸਤਕ ਹੋਣ ਉਪਰੰਤ ਇਸ ਪਰਿਵਾਰ ਨੇ ਪਿੰਡ ਸੰਘੇ ਵਿਆਹੀ ਆਪਣੀ ਧੀ ਨੂੰ ਭਰਾ ਦੇ ਵਿਆਹ ਦੀ 'ਭਾਜੀ' (ਮਠਿਆਈ) ਦੇਣ ਜਾਣਾ ਸੀ। ਮਠਿਆਈ ਮ੍ਰਿਤਕ ਦੇਹਾਂ ਕੋਲ ਸੜਕ 'ਤੇ ਖਿਲਰੀ ਦੇਖ ਕੇ ਹਰ ਰਾਹਗੀਰ ਦੀਆਂ ਅੱਖਾਂ 'ਚ ਹੰਝੂ ਸਨ। ਮੌਕੇ ਤੋਂ ਇਕੱਤਰ ਜਾਣਕਾਰੀ ਅਨੁਸਾਰ ਨੌਸ਼ਹਿਰਾ ਪੰਨੂਆਂ ਕੋਲ ਇਸ ਪਰਿਵਾਰ ਦੀ ਆਲਟੋ ਕਾਰ ਮਿੱਟੀ



ਗਗਨਦੀਪ ਕੌਰ, ਚਾਨਣ ਸਿੰਘ, ਦਵਿੰਦਰ ਕੌਰ ਅਤੇ ਅਜੈਪਾਲ ਸਿੰਘ ਦੀਆਂ ਪੁਰਾਣੀਆਂ ਤਸਵੀਰਾਂ।

(ਬਾਕੀ ਸਫ਼ਾ 2 ਕਾਲਮ 1)



ਪਟਿਆਲਾ ਦੀ ਪਸਿਆਣਾ ਭਾਖੜਾ ਨਹਿਰ 'ਚੋਂ ਕਾਰ ਨੂੰ ਬਾਹਰ ਕੱਢਦੇ ਹੋਏ ਬਚਾਅ ਕਰਮੀ। ਤਸਵੀਰ : ਵਰੁਣ ਸੈਣੀ

# ਭਾਖੜਾ ਨਹਿਰ 'ਚ ਡਿੱਗੀ ਕਾਰ ਮਾਂ-ਧੀ ਦੀ ਮੌਤ, ਤਿੰਨ ਲਾਪਤਾ

ਪਟਿਆਲਾ, 3 ਜਨਵਰੀ (ਮਨਦੀਪ ਸਿੰਘ ਖਰੌੜ)-ਰਾਮਪੁਰਾ ਫੂਲ ਤੋਂ ਪਰਿਵਾਰ ਦੇ ਪੰਜ ਮੈਂਬਰ ਸਵਿਫਟ ਕਾਰ 'ਚ ਸਵਾਰ ਹੋ ਕੇ ਮਨਸਾ ਦੇਵੀ ਮੱਥਾ ਟੇਕ ਕੇ ਵਾਪਸ ਆ ਰਹੇ ਸਨ ਕਿ ਕਾਰ ਸੰਗਰੂਰ ਰੋਡ 'ਤੇ ਪਸਿਆਣਾ ਪੁਲ ਨੇੜੇ ਭਾਖੜਾ ਨਹਿਰ 'ਚ ਡਿੱਗ ਪਈ। ਪ੍ਰਾਪਤ ਜਾਣਕਾਰੀ ਅਨੁਸਾਰ ਜਸਵਿੰਦਰ ਗਰਗ ਆਪਣੀ ਪਤਨੀ ਨੀਲਮ, ਬੇਟੀਆਂ ਸਮੀਤਾ ਗਰਗ, ਈਸ਼ਾ ਤੇ ਲੜਕੇ ਪੀਰੂ ਸਮੇਤ ਮਨਸਾ ਦੇਵੀ ਮੱਥਾ ਟੇਕਣ ਗਏ ਸੀ। ਇਸ ਹਾਦਸੇ 'ਚ ਮਾਂ ਤੇ ਧੀ ਦੀ ਮੌਤ ਹੋ ਗਈ। ਨੀਲਮ ਤੇ ਸਮੀਤਾ ਗਰਗ ਦੀਆਂ ਲਾਸ਼ਾਂ ਕਾਰ 'ਚੋਂ ਬਰਾਮਦ ਕਰ ਲਈਆਂ ਗਈਆਂ। ਪੁਲਿਸ ਨੇ ਗੋਤਾਖੋਰਾਂ ਦੀ ਸਹਾਇਤਾ ਨਾਲ ਲਾਸ਼ਾਂ ਨਹਿਰ 'ਚੋਂ ਕੱਢ ਕੇ ਸਰਕਾਰੀ ਰਾਜਿੰਦਰਾ ਹਸਪਤਾਲ 'ਚ ਪੋਸਟਮਾਰਟਮ ਵਿਭਾਗ ਭੇਜ ਦਿੱਤੀਆਂ ਹਨ।




ਨੀਲਮ ਤੇ ਸਮੀਤਾ ਗਰਗ ਦੀਆਂ ਪੁਰਾਣੀਆਂ ਤਸਵੀਰਾਂ।

(ਬਾਕੀ ਸਫ਼ਾ 2 ਕਾਲਮ 1)

# ਸ੍ਰੀਨਗਰ 'ਚ ਮੁਕਾਬਲੇ ਦੌਰਾਨ ਲਸ਼ਕਰ ਕਮਾਂਡਰ ਸਲੀਮ ਪਰੇ ਤੇ ਪਾਕਿਸਤਾਨੀ ਅੱਤਵਾਦੀ ਹਲਾਕ

ਸ੍ਰੀਨਗਰ, 3 ਜਨਵਰੀ (ਮਨਜੀਤ ਸਿੰਘ)- ਕਸ਼ਮੀਰ ਵਾਦੀ 'ਚ ਸੁਰੱਖਿਆ ਬਲਾਂ ਦੇ ਅੱਤਵਾਦੀਆਂ 'ਤੇ ਵਧ ਰਹੇ ਦਬਾਅ ਦੇ ਚਲਦੇ ਸ੍ਰੀਨਗਰ 'ਚ ਅੱਜ ਹੋਏ 2 ਵੱਖ-ਵੱਖ ਮੁਕਾਬਲਿਆਂ ਦੌਰਾਨ ਅੱਤਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਦਾ ਇਕ ਅਤਿ ਲੋੜੀਂਦੇ ਕਮਾਂਡਰ ਸਲੀਮ ਪਰੇ ਤੇ ਇਕ ਪਾਕਿਸਤਾਨੀ ਅੱਤਵਾਦੀ ਮਾਰੇ ਗਏ ਹਨ। ਸੂਤਰਾਂ ਅਨੁਸਾਰ ਸ੍ਰੀਨਗਰ ਦੇ ਸ਼ਾਲੀਮਾਰ ਬਾਗ ਇਲਾਕੇ 'ਚ ਅੱਤਵਾਦੀਆਂ ਦੇ ਮੌਜੂਦ ਹੋਣ ਦੀ ਪੱਕੀ ਸੂਚਨਾ ਮਿਲਣ 'ਤੇ ਸੁਰੱਖਿਆ ਬਲਾਂ ਨੇ ਸੋਮਵਾਰ ਦੁਪਹਿਰ ਤੁਰੰਤ ਕਾਰਵਾਈ ਕਰਦਿਆਂ ਲਸ਼ਕਰ ਕਮਾਂਡਰ ਸਲੀਮ ਪਰੇ ਤੇ ਉਸ ਦੇ ਪਾਕਿਸਤਾਨੀ ਸਾਥੀ ਨੂੰ ਘੇਰ ਲਿਆ ਤੇ ਉਨ੍ਹਾਂ ਨੂੰ ਆਤਮ-ਸਮਰਪਣ ਕਰਨ ਲਈ ਕਿਹਾ ਪਰ ਅੱਤਵਾਦੀ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਸੁਰੱਖਿਆ ਬਲਾਂ ਦੀ ਜਵਾਬੀ ਕਾਰਵਾਈ 'ਚ ਸਲੀਮ ਪਰੇ ਮਾਰਿਆ ਗਿਆ



(ਬਾਕੀ ਸਫ਼ਾ 2 ਕਾਲਮ 2)

# ਸਰਕਾਰ ਆਉਣ 'ਤੇ ਘਰੇਲੂ ਔਰਤਾਂ ਨੂੰ 2 ਹਜ਼ਾਰ ਪ੍ਰਤੀ ਮਹੀਨਾ ਤੇ ਸਾਲ 'ਚ 8 ਸਿਲੰਡਰ ਮੁਫ਼ਤ ਦਿੱਤੇ ਜਾਣਗੇ-ਸਿੱਧੂ

ਸ਼ਹਿਣਾ, 3 ਜਨਵਰੀ (ਸੁਰੇਸ਼ ਗੋਗੀ)- ਹਲਕਾ ਭਦੌੜ ਦੇ ਕਸਬਾ ਸ਼ਹਿਣਾ ਵਿਖੇ ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ ਦੁਬਾਰਾ ਆਉਣ 'ਤੇ ਚੋਣ ਮੈਨੀਫੈਸਟੋ 'ਚ ਜੋ ਚੜ੍ਹੇਗਾ, ਉਸ ਨੂੰ ਪੂਰਾ ਕੀਤਾ ਜਾਵੇਗਾ। ਉਨ੍ਹਾਂ ਔਰਤਾਂ ਲਈ ਅਹਿਮ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਔਰਤਾਂ ਨੂੰ ਬਰਾਬਰੀ ਦਾ ਦਰਜਾ ਦੇਣ ਲਈ ਹਰ ਘਰੇਲੂ ਔਰਤ ਨੂੰ 2 ਹਜ਼ਾਰ ਰੁਪਏ ਪ੍ਰਤੀ ਮਹੀਨਾ ਤੇ ਸਾਲ ਦੇ 8 ਸਿਲੰਡਰ ਮੁਫ਼ਤ ਦੇਵੇਗੀ। ਇਸ ਤੋਂ ਇਲਾਵਾ 5ਵੀਂ ਪਾਸ ਲੜਕੀ ਨੂੰ 5 ਹਜ਼ਾਰ ਰੁਪਏ, 10ਵੀਂ ਪਾਸ ਲੜਕੀ ਨੂੰ 15 ਹਜ਼ਾਰ ਰੁਪਏ ਤੇ 12ਵੀਂ ਪਾਸ ਲੜਕੀ ਨੂੰ 20 ਹਜ਼ਾਰ ਰੁਪਏ ਤੇ ਕੰਪਿਊਟਰ ਦਿੱਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਸ 'ਚ ਕਾਲਜ ਜਾਣ ਵਾਲੀ ਲੜਕੀ ਨੂੰ ਸਕੂਟਰੀ ਦਿੱਤੇ ਜਾਣ ਦੀ ਸਕੀਮ ਵੀ ਸ਼ਾਮਿਲ ਹੋਵੇਗੀ। ਸ:



(ਬਾਕੀ ਸਫ਼ਾ 2 ਕਾਲਮ 6)

# ਓਮੀਕਰੋਨ ਦੇ 1700 ਮਾਮਲੇ

## ਕੋਰੋਨਾ ਦੇ 33 ਹਜ਼ਾਰ ਤੋਂ ਵੱਧ ਨਵੇਂ ਕੇਸ

ਨਵੀਂ ਦਿੱਲੀ, 3 ਜਨਵਰੀ (ਏਜੰਸੀ)- ਦੇਸ਼ ਦੇ 23 ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚ ਹੁਣ ਤੱਕ ਕੋਰੋਨਾ ਵਾਇਰਸ ਦੇ ਨਵੇਂ ਸਰੂਪ ਓਮੀਕਰੋਨ ਦੇ ਕੁੱਲ 1700 ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ 'ਚੋਂ 639 ਠੀਕ ਹੋ ਚੁੱਕੇ ਹਨ ਜਾਂ ਪ੍ਰਵਾਸ ਕਰ ਚੁੱਕੇ ਹਨ। ਕੇਂਦਰੀ ਸਿਹਤ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਮਹਾਰਾਸ਼ਟਰ 'ਚ ਸਭ ਤੋਂ ਵੱਧ 510, ਜਿਸ ਤੋਂ ਬਾਅਦ ਦਿੱਲੀ 'ਚ 351, ਕੇਰਲ 156, ਗੁਜਰਾਤ 136, ਤਾਮਿਲਨਾਡੂ 121 ਤੇ ਰਾਜਸਥਾਨ 'ਚ

(ਬਾਕੀ ਸਫ਼ਾ 2 ਕਾਲਮ 1)



ਬੈਂਗਲੁਰੂ ਦੇ ਇਕ ਰੇਲਵੇ ਸਟੇਸ਼ਨ 'ਤੇ ਕੋਰੋਨਾ ਦੀ ਜਾਂਚ ਲਈ ਯਾਤਰੀਆਂ ਦਾ ਸੈਂਪਲ ਲੈਂਦਾ ਹੋਇਆ ਸਿਹਤ ਕਰਮੀ।

## ਪੰਜਾਬ ਸਮੇਤ ਵੋਟਾਂ ਵਾਲੇ 5 ਸੂਬੇ ਟੀਕਾਕਰਨ ਮੁਹਿੰਮ ਤੇਜ਼ ਕਰਨ-ਚੋਣ ਕਮਿਸ਼ਨ

ਨਵੀਂ ਦਿੱਲੀ, 3 ਜਨਵਰੀ (ਪੀ.ਟੀ.ਆਈ.)-ਪੰਜ ਚੋਣਾਂ ਵਾਲੇ ਰਾਜਾਂ 'ਚ ਕੋਵਿਡ ਸਥਿਤੀ ਦਾ ਮੁਲਾਂਕਣ ਕਰਨ ਤੋਂ ਕੁਝ ਦਿਨਾਂ ਬਾਅਦ ਚੋਣ ਕਮਿਸ਼ਨ ਨੇ ਉਨ੍ਹਾਂ ਨੂੰ ਟੀਕਾਕਰਨ ਮੁਹਿੰਮ ਤੇਜ਼ ਕਰਨ ਨੂੰ ਕਿਹਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਨੂੰ ਵੀ ਕਿਹਾ ਹੈ ਕਿ ਚੋਣ ਡਿਊਟੀ 'ਤੇ ਤਾਇਨਾਤ ਕੀਤੇ ਜਾਣ ਵਾਲੇ ਕਰਮੀਆਂ ਦੇ ਦੋਵੇਂ ਟੀਕੇ ਲੱਗੇ ਹੋਣ। ਪੰਜਾਬ, ਉੱਤਰ ਪ੍ਰਦੇਸ਼, ਗੋਆ, ਮਨੀਪੁਰ ਤੇ ਉੱਤਰਾਖੰਡ ਦੇ ਮੁੱਖ ਸਕੱਤਰਾਂ ਨੂੰ ਭੇਜੇ ਗਏ ਪੱਤਰ 'ਚ ਚੋਣ ਕਮਿਸ਼ਨ ਨੇ ਉਨ੍ਹਾਂ ਨੂੰ ਯਾਦ ਦਿਵਾਇਆ ਕਿ ਪੋਲਿੰਗ ਕਰਮੀ ਫਰੰਟਲਾਈਨ ਵਰਕਰਾਂ ਦੀ ਸ਼੍ਰੇਣੀ 'ਚ ਆਉਂਦੇ ਹਨ ਅਤੇ ਉਹ ਕੋਵਿਡ ਵੈਕਸੀਨ ਦੀ 'ਪ੍ਰੀਕੌਸ਼ਨ ਡੋਜ਼' ਦੇ ਯੋਗ ਹਨ।

(ਬਾਕੀ ਸਫ਼ਾ 2 ਕਾਲਮ 6)

# 'ਆਪ' ਨੇ 5 ਹੋਰ ਉਮੀਦਵਾਰ ਐਲਾਨੇ



ਸੁਖਜਿੰਦਰਰਾਜ ਸਿੰਘ ਲਾਲੀ ਮਜੀਠੀਆ (ਮਜੀਠਾ) | ਡਾ. ਕਸ਼ਮੀਰ ਸਿੰਘ ਸੋਹਲ (ਤਰਨ ਤਾਰਨ) | ਸੁਰਿੰਦਰ ਸਿੰਘ ਸੋਢੀ (ਜਲੰਧਰ ਛਾਉਣੀ) | ਡਾ. ਬਲਜੀਤ ਕੌਰ (ਮਲੋਟ) | ਡਾ. ਅਜੇ ਗੁਪਤਾ (ਅੰਮ੍ਰਿਤਸਰ ਕੇਂਦਰੀ)

ਚੰਡੀਗੜ੍ਹ, 3 ਜਨਵਰੀ (ਪ੍ਰੋ: ਅਵਤਾਰ ਸਿੰਘ)-ਆਮ ਆਦਮੀ ਪਾਰਟੀ ਵਲੋਂ ਅਗਾਮੀ ਵਿਧਾਨ ਸਭਾ ਚੋਣਾਂ ਲਈ ਸੱਤਵੀਂ ਸੂਚੀ ਜਾਰੀ ਕਰਦਿਆਂ 5 ਹੋਰ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ । 'ਆਪ' ਪੰਜਾਬ ਦੇ ਇੰਚਾਰਜ ਸ. ਜਰਨੈਲ ਸਿੰਘ ਤੇ ਪ੍ਰਧਾਨ ਭਗਵੰਤ ਸਿੰਘ ਮਾਨ ਦੇ ਦਸਤਖ਼ਤਾਂ ਹੇਠ ਜਾਰੀ ਸੂਚੀ ਅਨੁਸਾਰ ਵਿਧਾਨ ਸਭਾ ਹਲਕਾ ਮਜੀਠਾ ਤੋਂ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ, ਅੰਮ੍ਰਿਤਸਰ ਕੇਂਦਰੀ ਤੋਂ ਡਾ. ਅਜੇ ਗੁਪਤਾ, ਤਰਤ ਤਾਰਨ ਤੋਂ ਡਾ. ਕਸ਼ਮੀਰ ਸਿੰਘ ਸੋਹਲ, ਜਲੰਧਰ ਕੈਂਟ ਤੋਂ ਸੁਰਿੰਦਰ ਸਿੰਘ ਸੋਢੀ ਤੇ ਮਲੋਟ ਤੋਂ ਡਾ. ਬਲਜੀਤ ਕੌਰ ਦੇ ਨਾਂਅ ਐਲਾਨੇ ਗਏ ਹਨ। ਹੁਣ ਤੱਕ 'ਆਪ' ਵਲੋਂ 101 ਉਮੀਦਵਾਰ ਐਲਾਨੇ ਜਾ ਚੁੱਕੇ ਹਨ।

ਮੌਸਮ 4.01.2022

| ਚੰਡੀਗੜ੍ਹ | ਤਾਪਮਾਨ |
|---|---|
| ਵੱਧ ਤੋਂ ਵੱਧ | 19.0 ਸੈਂ: |
| ਘੱਟ ਤੋਂ ਘੱਟ | 13.0 ਸੈਂ: |
| **ਅੰਮ੍ਰਿਤਸਰ** | **ਤਾਪਮਾਨ** |
| ਵੱਧ ਤੋਂ ਵੱਧ | 20.0 ਸੈਂ: |
| ਘੱਟ ਤੋਂ ਘੱਟ | 6.0 ਸੈਂ: |
| **ਜਲੰਧਰ** | **ਤਾਪਮਾਨ** |
| ਵੱਧ ਤੋਂ ਵੱਧ | 20.0 ਸੈਂ: |
| ਘੱਟ ਤੋਂ ਘੱਟ | 8.0 ਸੈਂ: |
| **ਬਠਿੰਡਾ** | **ਤਾਪਮਾਨ** |
| ਵੱਧ ਤੋਂ ਵੱਧ | 21.4 ਸੈਂ: |
| ਘੱਟ ਤੋਂ ਘੱਟ | 2.8 ਸੈਂ: |
| **ਲੁਧਿਆਣਾ** | **ਤਾਪਮਾਨ** |
| ਵੱਧ ਤੋਂ ਵੱਧ | 19.6 ਸੈਂ: |
| ਘੱਟ ਤੋਂ ਘੱਟ | 6.0 ਸੈਂ: |

ਦਿਨ ਦੀ ਲੰਬਾਈ-10 ਘੰਟੇ 11 ਮਿੰਟ

**ਭਵਿੱਖਬਾਣੀ**

ਆਉਣ ਵਾਲੇ 24 ਘੰਟਿਆਂ ਦੌਰਾਨ ਲੁਧਿਆਣਾ ਅਤੇ ਇਸ ਦੇ ਨਾਲ ਲਗਦੇ ਇਲਾਕਿਆਂ 'ਚ ਬੱਦਲਵਾਈ ਬਣੇ ਰਹਿਣ ਦੇ ਨਾਲ ਕਿਤੇ-ਕਿਤੇ ਮੀਂਹ ਪੈਣ ਦੀ ਸੰਭਾਵਨਾ ਹੈ।

## ਅਰਨੀਆ ਸੈਕਟਰ 'ਚ ਪਾਕਿ ਘੁਸਪੈਠੀਆ ਹਲਾਕ

ਸ੍ਰੀਨਗਰ, 3 ਜਨਵਰੀ (ਮਨਜੀਤ ਸਿੰਘ)-ਜੰਮੂ ਖੇਤਰ ਦੇ ਅਰਨੀਆ ਸੈਕਟਰ 'ਚ ਬੀ.ਐਸ.ਐਫ. ਨੇ ਅੱਜ ਇਕ ਪਾਕਿਸਤਾਨੀ ਘੁਸਪੈਠੀਏ ਨੂੰ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਨ 'ਤੇ ਗੋਲੀ ਮਾਰ ਕੇ ਮਾਰ ਦਿੱਤਾ। ਬੀ.ਐਸ.ਐਫ. ਦੇ ਸੂਤਰਾਂ ਨੇ ਦੱਸਿਆ ਕਿ ਅਰਨੀਆ ਸੈਕਟਰ 'ਚ ਅੰਤਰਰਾਸ਼ਟਰੀ ਸਰਹੱਦ 'ਤੇ ਸੋਮਵਾਰ ਤੜਕੇ ਪੋਪ ਭੋਲਾਚਕ ਖੇਤਰ ਦੀ ਅਗਲੇਰੀ ਚੌਕੀ ਨੇੜੇ ਸੰਘਣੀ ਧੁੰਦ ਦੌਰਾਨ ਪਾਕਿਸਤਾਨ ਵਲੋਂ ਭਾਰਤੀ ਖੇਤਰ ਵੱਲ ਵਧ ਰਹੇ ਇਕ ਘੁਸਪੈਠੀਏ ਨੂੰ ਸਰਹੱਦ ਦੇ ਨਜ਼ਦੀਕ ਪਹੁੰਚਣ 'ਤੇ ਬੀ.ਐਸ.ਐਫ. ਦੇ ਚੌਕਸ ਜਵਾਨਾਂ ਨੇ ਲਲਕਾਰਿਆ ਤੇ ਵਾਪਸ ਜਾਣ ਲਈ ਕਿਹਾ, ਪਰ ਉਸ ਨੇ ਜਵਾਨਾਂ ਦੀ ਚਿਤਾਵਨੀ ਨੂੰ ਅਣਸੁਣਿਆ ਕਰਕੇ ਭਾਰਤੀ ਖੇਤਰ 'ਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਬੀ.ਐਸ.ਐਫ. ਦੀ ਕਾਰਵਾਈ 'ਚ ਮਾਰਿਆ ਗਿਆ। ਜੰਮੂ-ਕਸ਼ਮੀਰ 'ਚ ਪਿਛਲੇ 3 ਦਿਨਾਂ ਦੌਰਾਨ ਘੁਸਪੈਠ ਕਰਨ ਦੀ ਇਹ ਦੂਜੀ ਕੋਸ਼ਿਸ਼ ਹੈ, ਬੀ.ਐਸ.ਐਫ. ਨੇ ਦੋਵੇਂ ਕੋਸ਼ਿਸ਼ਾਂ ਨੂੰ ਨਾਕਾਮ ਕਰਦਿਆਂ ਦੋਵੇਂ ਘੁਸਪੈਠੀਆਂ ਨੂੰ ਮਾਰ ਦਿੱਤਾ ਹੈ।

# ਦੇਸ਼ ਦੀ ਗਿਆਨ ਭਰਪੂਰ ਆਰਥਿਕਤਾ ਲਈ ਸਰਕਾਰੀ ਤੇ ਨਿੱਜੀ ਅਦਾਰਿਆਂ ਦੀ ਭਾਈਵਾਲੀ ਜ਼ਰੂਰੀ-ਰਾਜਨਾਥ

## ਚੰਡੀਗੜ੍ਹ ਯੂਨੀਵਰਸਿਟੀ ਵਿਖੇ ਉੱਤਰੀ ਭਾਰਤ ਦੇ ਪਹਿਲੇ 'ਕਲਪਨਾ ਚਾਵਲਾ ਸਪੇਸ ਸੈਂਟਰ' ਦਾ ਉਦਘਾਟਨ

ਐੱਸ. ਏ. ਐੱਸ. ਨਗਰ, 3 ਜਨਵਰੀ (ਕੇ. ਐੱਸ. ਰਾਣਾ)-ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਸਿੱਖਿਆ ਤੇ ਵਿਗਿਆਨ ਦੇ ਖੇਤਰਾਂ ਨੂੰ ਵਿਸ਼ਵ-ਪੱਧਰੀ ਬਣਾਉਣ ਲਈ ਸਰਗਰਮ ਤੇ ਲੰਬੀ ਮਿਆਦ ਵਾਲੀ ਜਨਤਕ ਤੇ ਨਿੱਜੀ ਭਾਈਵਾਲੀ ਬਹੁਤ ਮਹੱਤਵਪੂਰਨ ਹੈ ਤਾਂ ਜੋ ਭਾਰਤ ਨੂੰ ਦੁਨੀਆ ਭਰ 'ਚ ਗਿਆਨ ਭਰਪੂਰ ਆਰਥਿਕਤਾ ਬਣਾਇਆ ਜਾ ਸਕੇ। ਉਹ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਉੱਤਰ ਭਾਰਤ ਦੇ ਪਹਿਲੇ 'ਕਲਪਨਾ ਚਾਵਲਾ ਸਪੇਸ ਸੈਂਟਰ' ਦੇ ਉਦਘਾਟਨੀ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ। ਦੇਸ਼ ਦੇ ਸੈਨਿਕਾਂ ਵਲੋਂ ਦਿੱਤੀਆਂ ਗਈਆਂ ਸੇਵਾਵਾਂ ਤੇ ਕੁਰਬਾਨੀਆਂ ਨੂੰ ਸਨਮਾਨ ਦੇਣ ਦੇ ਉਦੇਸ਼ ਤਹਿਤ ਚੰਡੀਗੜ੍ਹ ਯੂਨੀਵਰਸਿਟੀ ਵਲੋਂ ਸ਼ੁਰੂ ਕੀਤੀ ਗਈ ਦੇਸ਼ ਦੇ ਜਾਂਬਾਜ਼ ਫ਼ੌਜੀਆਂ ਦੇ ਬੱਚਿਆਂ ਲਈ 10 ਕਰੋੜ ਦੀ ਵਿਸ਼ੇਸ਼ ਵਜ਼ੀਫ਼ਾ ਸਕੀਮ ਦਾ ਉਦਘਾਟਨ ਵੀ ਕੇਂਦਰੀ ਰੱਖਿਆ ਮੰਤਰੀ ਵਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ 'ਚ ਸਥਾਪਤ ਕੀਤੇ ਗਏ ਇਸ ਪੁਲਾੜ ਖੋਜ ਕੇਂਦਰ ਦਾ ਉਦੇਸ਼ ਵਿਦਿਆਰਥੀਆਂ ਨੂੰ ਪੁਲਾੜ ਵਿਗਿਆਨ ਤੇ ਉਪ-ਗ੍ਰਹਿ ਨਿਰਮਾਣ

(ਬਾਕੀ ਸਫ਼ਾ 2 ਕਾਲਮ 7)




ਚੰਡੀਗੜ੍ਹ ਯੂਨੀਵਰਸਿਟੀ ਵਿਖੇ 'ਕਲਪਨਾ ਚਾਵਲਾ ਸਪੇਸ ਸੈਂਟਰ' ਦਾ ਉਦਘਾਟਨ ਕਰਦੇ ਹੋਏ ਰੱਖਿਆ ਮੰਤਰੀ ਰਾਜਨਾਥ ਸਿੰਘ, ਨਾਲ ਸਤਨਾਮ ਸਿੰਘ ਸੰਧੂ ਤੇ ਰਛਪਾਲ ਸਿੰਘ ਧਾਲੀਵਾਲ। ਤਸਵੀਰ : ਵਰਿੰਦਰਜੀਤ ਸਿੰਘ

# ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਘਮੰਡ 'ਚ ਸਨ ਮੋਦੀ- ਸੱਤਿਆਪਾਲ ਮਲਿਕ

## ਮਲਿਕ ਦੇ ਬਿਆਨ ਤੋਂ ਬਾਅਦ ਸਿਆਸਤ ਗਰਮਾਈ

ਨਵੀਂ ਦਿੱਲੀ, 3 ਜਨਵਰੀ (ਏਜੰਸੀ)- ਕਿਸਾਨਾਂ ਦੇ ਮੁੱਦੇ 'ਤੇ ਲਗਾਤਾਰ ਕੇਂਦਰ ਸਰਕਾਰ ਦੀ ਆਲੋਚਨਾ ਕਰਨ ਵਾਲੇ ਮੇਘਾਲਿਆ ਦੇ ਰਾਜਪਾਲ ਸੱਤਿਆਪਾਲ ਮਲਿਕ ਨੇ ਕਿਹਾ ਹੈ ਕਿ ਜਦੋਂ ਉਹ ਖੇਤੀ ਕਾਨੂੰਨਾਂ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇ ਤਾਂ ਉਨ੍ਹਾਂ ਦੀ ਮੋਦੀ ਨਾਲ ਬਹਿਸ ਹੋ ਗਈ ਤੇ ਪੰਜ ਮਿੰਟ ਦੇ ਅੰਦਰ ਹੀ ਸਾਡੇ ਦੋਵਾਂ 'ਚ ਝਗੜਾ ਹੋ ਗਿਆ। ਮਲਿਕ ਨੇ ਐਤਵਾਰ ਨੂੰ ਹਰਿਆਣਾ ਦੇ ਦਾਦਰੀ 'ਚ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਮੈਂ ਕਿਸਾਨਾਂ ਦੇ ਮਾਮਲੇ 'ਚ ਪ੍ਰਧਾਨ ਮੰਤਰੀ ਨੂੰ ਮਿਲਿਆ ਤਾਂ 'ਮੇਰੀ ਪੰਜ ਮਿੰਟ 'ਚ ਹੀ ਉਨ੍ਹਾਂ ਨਾਲ ਲੜਾਈ ਹੋ ਗਈ। ਉਹ ਬਹੁਤ ਘਮੰਡ 'ਚ ਸਨ। ਜਦੋਂ ਮੈਂ ਉਨ੍ਹਾਂ ਨੂੰ ਕਿਹਾ ਕਿ ਸਾਡੇ 500 ਲੋਕ ਮਰ ਗਏ ਹਨ ਤਾਂ ਮੋਦੀ ਨੇ ਕਿਹਾ ਕਿ ਮੇਰੇ ਲਈ ਮਰੇ ਹਨ? ਮੈਂ ਕਿਹਾ ਤੁਹਾਡੇ



(ਬਾਕੀ ਸਫ਼ਾ 2 ਕਾਲਮ 4)

CMYK